Acute Services Division

NHS Greater Glasgow and Clyde

# ਤੁਹਾਡੀ ਵ੍ਹੀਲਚੇਅਰ – ਨਿਯਮ ਤੇ ਸ਼ਰਤਾਂ

**(Your Wheelchair – Terms and Conditions – Punjabi)**

ਪੱਛਮੀ ਸਕੌਟਲੈਂਡ ਦਾ ਗਤੀਸ਼ੀਲਤਾ ਅਤੇ ਮੁੜ-ਵਸੇਬਾ ਸੈਂਟਰ (ਵੈਸਟਮਾਰਕ)
ਕੁਈਨ ਐਲੀਜ਼ਾਬੈਥ ਯੂਨੀਵਰਸਿਟੀ ਹਸਪਤਾਲ
1345 Govan Road
Glasgow G51 4TF

**ਟੈਲੀਫੋਨ:** 0300 790 0129

**ਈਮੇਲ:** westmarc@ggc.scot.nhs.uk

ਸਮੀਖਿਆ ਮਿਤੀ: ਦਿਸੰਬਰ 2022 mi • 304365 v2.0

ਇਹ ਪਰਚਾ ਤੁਹਾਡੀ ਐਨਐਚਐਸ ਵ੍ਹੀਲਚੇਅਰ ਦੀ ਵਰਤੋਂ ਅਤੇ ਦੇਖਭਾਲ ਲਈ ਨਿਯਮ ਅਤੇ ਸ਼ਰਤਾਂ ਨੂੰ ਨਿਰਧਾਰਤ ਕਰਦਾ ਹੈ।

- ਵ੍ਹੀਲਚੇਅਰ, ਤੁਹਾਡੇ ਲਈ ਕਰਜ਼ੇ 'ਤੇ ਹੈ, ਅਤੇ ਇਹ ਵੈਸਟ ਆਫ ਸਕਾਟਲੈਂਡ ਮੋਬਿਲਿਟੀ ਐਂਡ ਰੀਹੈਬਲੀਟੇਸ਼ਨ ਸੈਂਟਰ ਦੀ ਸੰਪਤੀ ਹੈ। **(ਵੈਸਟਮਾਰਕ)**
- ਕਿਸੇ ਵੀ ਨੁਕਸਾਨ ਜਾਂ ਚੋਰੀ ਦੀ ਸਥਿਤੀ ਵਿੱਚ, ਤੁਸੀਂ ਵ੍ਹੀਲਚੇਅਰ ਨੂੰ ਤਬਦੀਲ ਕਰਨ ਦੀ ਲਾਗਤ ਲਈ ਜਵਾਬਦਾਰ ਹੋਵੋਗੇ।
- ਅਸੀਂ ਪੁਰਜ਼ੋਰ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਵ੍ਹੀਲਚੇਅਰ ਲਈ ਅੱਗ, ਚੋਰੀ, ਗੁਆਚਣ ਜਾਂ ਦੁਰਘਟਨਾ ਦੇ ਨੁਕਸਾਨ ਦੇ ਬੀਮਾ ਪਾਲਿਸੀ ਦਾ ਪ੍ਰਬੰਧ ਕਰੋ।
- ਵ੍ਹੀਲਚੇਅਰ ਕਾਰਨ ਕਿਸੇ ਤੀਜੀ ਧਿਰ ਨੂੰ ਹੋਣ ਵਾਲੇ ਨੁਕਸਾਨ ਲਈ ਐਨਐਚਐਸ ਜ਼ਿੰਮੇਵਾਰ ਨਹੀਂ ਹੈ।
- ਤੁਹਾਨੂੰ ਵ੍ਹੀਲਚੇਅਰ ਨੂੰ ਹਰ ਸਮੇਂ ਚੰਗੀ ਤਰ੍ਹਾਂ ਰੱਖਣਾ ਚਾਹੀਦਾ ਹੈ ਅਤੇ ਇਸਨੂੰ ਨਿਯਮਿਤ ਤੌਰ 'ਤੇ ਸਾਫ਼ ਕਰਨਾ ਚਾਹੀਦਾ ਹੈ ਅਤੇ ਆਪਣੇ ਖਰਚੇ 'ਤੇ ਚਿਕਨਾ (ਲੁਬਰੀਕੇਟ) ਕਰਨਾ ਚਾਹੀਦਾ ਹੈ।
- ਤੁਹਾਨੂੰ ਵ੍ਹੀਲਚੇਅਰ ਨੂੰ ਨੁਕਸਾਨ ਤੋਂ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਅਤੇ ਵਰਤੋਂ ਵਿੱਚ ਨਾ ਹੋਣ 'ਤੇ ਇਸਨੂੰ ਸੁਰੱਖਿਅਤ, ਸੁੱਕੇ ਵਾਤਾਵਰਨ ਵਿੱਚ ਰੱਖਣਾ ਚਾਹੀਦਾ ਹੈ।
- ਸਿਰਫ਼ ਤੁਹਾਨੂੰ ਹੀ ਵ੍ਹੀਲਚੇਅਰ ਦੀ ਵਰਤੋਂ ਕਰਨੀ ਚਾਹੀਦੀ ਹੈ।

**ਤੁਹਾਨੂੰ ਨਹੀਂ ਕਰਨਾ ਚਾਹੀਦਾ:**

- ਵੈਸਟਮਾਰਕ ਤੋਂ **ਲਿਖਤੀ** ਇਜਾਜ਼ਤ ਤੋਂ ਬਿਨਾਂ ਕਿਸੇ ਵੀ ਤਰੀਕੇ ਨਾਲ ਵ੍ਹੀਲਚੇਅਰ ਨੂੰ ਸੋਧਨਾ।
- ਵ੍ਹੀਲਚੇਅਰ ਦੀ ਵਰਤੋਂ ਉਸ ਉਦੇਸ਼ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਕਰਨੀ ਜਿਸ ਲਈ ਇਹ ਪ੍ਰਦਾਨ ਕੀਤੀ ਗਈ ਹੈ।
- ਵ੍ਹੀਲਚੇਅਰ ਕਿਸੇ ਹੋਰ ਨੂੰ ਉਧਾਰ ਵਿੱਚ ਦੇਣਾ
- ਵ੍ਹੀਲਚੇਅਰ ਨੂੰ ਉਚਿਤ ਬੀਮਾ ਕਵਰ ਤੋਂ ਬਿਨਾਂ ਵਿਦੇਸ਼ ਲੈ ਕੇ ਜਾਣਾ।

**ਵੈਸਟਮਾਰਕ ਕਾਲ ਸੈਂਟਰ**

- ਜੇਕਰ ਤੁਹਾਨੂੰ ਹੁਣ ਵ੍ਹੀਲਚੇਅਰ ਦੀ ਲੋੜ ਨਹੀਂ ਹੈ ਤਾਂ ਕਿਰਪਾ ਕਰਕੇ **0300 790 0129** 'ਤੇ ਵੈਸਟਮਾਰਕ ਕਾਲ ਸੈਂਟਰ ਨੂੰ ਫ਼ੋਨ ਕਰੋ ਅਤੇ ਅਸੀਂ ਇਸਨੂੰ ਚੁੱਕਣ ਦਾ ਪ੍ਰਬੰਧ ਕਰ ਸਕਦੇ ਹਾਂ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਗਤੀਸ਼ੀਲਤਾ ਸਮੀਖਿਆ ਦੀ ਲੋੜ ਹੈ ਤਾਂ ਕਿਰਪਾ ਕਰਕੇ ਆਪਣੀਆਂ ਜਰੂਰਤਾਂ ਬਾਰੇ ਚਰਚਾ ਕਰਨ ਲਈ ਵੈਸਟਮਾਰਕ ਕਾਲ ਸੈਂਟਰ ਨੂੰ **0300 790 0129** 'ਤੇ ਫ਼ੋਨ ਕਰੋ।

**ਵ੍ਹੀਲਚੇਅਰ ਦੀ ਮੁਰੰਮਤ**

- ਤੁਹਾਡੀ ਵ੍ਹੀਲਚੇਅਰ ਦੀ ਕਿਸੇ ਵੀ ਮੁਰੰਮਤ ਲਈ ਵੈਸਟਮਾਰਕ ਜ਼ਿੰਮੇਵਾਰ ਹੈ।
- ਵੈਸਟਮਾਰਕ ਤੋਂ ਲਿਖਤੀ ਇਜਾਜ਼ਤ ਤੋਂ ਬਿਨਾਂ ਕਿਸੇ ਵੀ ਮੁਰੰਮਤ ਦਾ ਪ੍ਰਬੰਧ ਨਾ ਕਰੋ।
- ਤੁਹਾਨੂੰ ਕਿਸੇ ਮੁਰੰਮਤਾਂ ਦੇ ਅਜਿਹੇ ਖਰਚੇ ਦੇਣ ਦੀ ਜ਼ਰੂਰਤ ਹੋਏਗੀ ਜੋ ਦੁਰਵਰਤੋਂ ਜਾਂ ਅਣਗਹਿਲੀ ਦੇ ਕਾਰਨ ਹਨ।
- ਤੁਸੀਂ **0300 790 0129** 'ਤੇ ਟੈਲੀਫੋਨ ਕਰਕੇ ਵੈਸਟਮਾਰਕ ਤੋਂ ਵ੍ਹੀਲਚੇਅਰ ਦੀ ਮੁਰੰਮਤ ਲਈ ਬੇਨਤੀ ਕਰ ਸਕਦੇ ਹੋ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8.45 ਵਜੇ ਤੋਂ ਸ਼ਾਮ 4.15 ਵਜੇ ਤੱਕ)।
- ਜ਼ਰੂਰੀ ਮੁਰੰਮਤ ਨੂੰ ਇੱਕ ਕੰਮਕਾਜੀ ਦਿਨ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ।
- ਰੁਟੀਨ ਮੁਰੰਮਤ ਆਮ ਤੌਰ 'ਤੇ ਪੰਜ ਕੰਮਕਾਜੀ ਦਿਨਾਂ ਦੇ ਅੰਦਰ ਪੂਰੀ ਹੋ ਜਾਣੀ ਚਾਹੀਦੀ ਹੈ।
- ਜੇਕਰ ਤੁਹਾਡੀ ਕੁਰਸੀ ਗੰਦੀ ਹਾਲਤ ਵਿੱਚ ਪਾਈ ਜਾਂਦੀ ਹੈ ਤਾਂ ਵੈਸਟਮਾਰਕ ਦਾ ਸਟਾਫ ਮੁਰੰਮਤ ਕਰਨ ਤੋਂ ਇਨਕਾਰ ਕਰ ਸਕਦਾ ਹੈ।
- ਐਮਰਜੈਂਸੀ ਵਿੱਚ, ਜੇਕਰ ਵੈਸਟਮਾਰਕ ਦੇ ਆਮ ਖੁੱਲਣ ਦੇ ਸਮੇਂ ਤੋਂ ਬਾਹਰ ਤੁਹਾਡੀ ਵ੍ਹੀਲਚੇਅਰ ਟੁੱਟ ਗਈ ਹੈ, ਤਾਂ ਤੁਸੀਂ ਛੋਟੀਆਂ ਮੁਰੰਮਤਾਂ ਦਾ ਇੰਤਜ਼ਾਮ ਕਰ ਸਕਦੇ ਹੋ ਜੋ £25.00 ਤੋਂ ਵੱਧ ਨਹੀਂ ਹੁੰਦੀਆਂ।
- ਤੁਹਾਨੂੰ ਅਦਾਇਗੀ ਲਈ ਵੈਸਟਮਾਰਕ ਵਿਖੇ ਆਪਰੇਸ਼ਨਲ ਸਰਵਿਸਿਜ਼ ਮੈਨੇਜਰ ਨੂੰ ਰਸੀਦਾਂ ਭੇਜਣੀਆਂ ਚਾਹੀਦੀਆਂ ਹਨ, ਜਾਂ ਕੰਪਨੀ ਨੂੰ ਵੈਸਟਮਾਰਕ ਵਿਖੇ ਆਪਰੇਸ਼ਨਲ ਸਰਵਿਸਿਜ਼ ਮੈਨੇਜਰ ਨੂੰ ਇਨਵੌਇਸ ਭੇਜਣ ਲਈ ਕਹਿਣਾ ਚਾਹੀਦਾ ਹੈ।

ਜੇਕਰ ਤੁਹਾਡੀ ਕੁਰਸੀ ਕਿਸੇ ਵੀ ਕਿਸਮ ਦੀ ਦੁਰਘਟਨਾ ਵਿੱਚ ਸ਼ਾਮਲ ਹੈ, ਜਾਂ ਖਰਾਬ ਹੋ ਗਈ ਜਾਂ ਗੁਆਚ ਗਈ ਹੈ, ਤਾਂ ਤੁਹਾਨੂੰ ਵੈਸਟਮਾਰਕ ਕਾਲ ਸੈਂਟਰ ਨੂੰ **0300 790 0129** 'ਤੇ ਟੈਲੀਫੋਨ ਕਰਕੇ ਤੁਰੰਤ ਵੈਸਟਮਾਰਕ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਤੁਹਾਨੂੰ ਪਤੇ ਜਾਂ ਟੈਲੀਫੋਨ ਨੰਬਰ ਦੀ ਕਿਸੇ ਵੀ ਤਬਦੀਲੀ ਬਾਰੇ ਵੈਸਟਮਾਰਕ ਨੂੰ ਦੱਸਣਾ ਚਾਹੀਦਾ ਹੈ ਸ਼ਾਇਦ ਵੈਸਟਮਾਰਕ ਨੂੰ ਤੁਹਾਡੇ ਨਾਲ ਸੰਪਰਕ ਕਰਨ ਦੀ ਲੋੜ ਪੈ ਸਕਦੀ ਹੈ।

ਕਿਰਪਾ ਕਰਕੇ ਆਪਣੇ ਵੇਰਵਿਆਂ ਨੂੰ ਅਪਡੇਟ ਕਰਨ ਲਈ **0300 790 0129** 'ਤੇ ਵੈਸਟਮਾਰਕ ਕਾਲ ਸੈਂਟਰ ਨਾਲ ਸੰਪਰਕ ਕਰੋ।